In above titled case, the accused could not be served. It is ordered that accused should appear in person or through counsel on 29-07-2025 at 10:00 a.m.

for details logon to: https://highcourtchd.gov.in/?mod=district_notice&district=Jalandhar

additional principal judge family court-II jalandhar

COURT NOTICE

In The Court Of Ms. Etu Sodhi Judicial Magistrate- Ist Class

Jagmohan Singh Vs. Parminder Singh Alias Pamma

CNR NO: PBTT02-001977-2024

Next Date: 11-06-2025

Detail Of Offence:-

Notice To: Parminder Singh Alias Pamma Father: Gian Singh R/o Main Bazar Fatehchak, Phase-II, Backside Gurdwara Lakir Sahib Khazur Wali Colony, Tarn Taran

In above titled case, the accused could not be served. It is ordered that accused should appear in person or through counsel on 11-06-2025 at 10:00 a.m.

for details logon to: https://highcourtchd.gov.in/?mod=district_notice&district=mogacourt

judicial magistrate- ist class

OFFICE OF THE RECOVERY OFFICER - I/II

DEBTS RECOVERY TRIBUNAL CHANDIGARH (DRT 3)

Ground Floor, SCO 33-34-35, Sector 17-A, Chandigarh - 160017

DEMAND NOTICE

NOTICE UNDER SECTIONS 25 TO 28 OF THE RECOVERY OF DEBTS & BANKRUPTCY ACT, 1993 AND RULE 2 OF SECOND SCHEDULE TO THE INCOME TAX ACT, 1961.

RC/1450/2018 19-03-2025

STATE BANK OF INDIA Versus GULZAR DASS

To **(CD 1) SH. GULZAR DASS S/O SH. P AL SINGH, R/O H.NO.288, NEAR GOVERNMENT SCHOOL, VILLAGE TALWANDI MALLIAN, TEHSIL AND DISTRICT LUDHIANA, PUNJAB. ALSO AT: R/O V.P.O. TALWANDI MALLIAN, TEHSIL AND DISTRICT LUDHIANA, PUNJAB.**

This is to notify that as per the Recovery Certificate issued in pursuance of orders passed by the Presiding Officer, DEBTS RECOVERY TRIBUNAL CHANDIGARH (DRT 3) in OA/5037/2017 an amount of **Rs 17,05,640.05 (Rupees Seventeen Lakhs Five Thousand Six Hundred Forty And Paise Five Only)** along with pendentellite and future interest @ 12.00% Simple Interest Yearly w.e.f. 21/08/2017 till realization and costs of **Rs 58,000 (Rupees Fifty Eight Thousand Only)** has become due against you (Jointly and severally/ Fully/Limited).

2. You are hereby directed to pay the above sum within 15 days of the receipts of the notice, failing which the recovery shall be made in accordance with the Recovery of Debts Due to Banks and Financial Institutions Act, 1993 and Rules there under.

3. You are hereby ordered to declare on an affidavit the particulars of yours assets on or before the next date of hearing.

4. You are hereby ordered to appear before the undersigned on 30/05/2025 at 10:30 a.m. for further proceedings.

5. In addition to the sum aforesaid, you will also be liable to pay:

(a) Such interests as is payable for the period commencing immediately after this notice of the certificate / execution proceedings.

(b) All costs, charges and expenses incurred in respect of the service of this notice and warrants and other processes and all other proceedings taken for recovering the amount due.

Given under my hand and the seal of the Tribunal, on this date: 19/03/2025

Recovery Officer
DEBTS RECOVERY TRIBUNAL CHANDIGARH (DRT 3)

ਆਪਰੇਸ਼ਨ ਸੰਧੂਰ ਮਗਰੋਂ ਭਾਰਤ-ਪਾਕਿ ਬਾਰੇ ਦੁਨੀਆਂ ਭਰ 'ਚ ਫੈਲੀ ਚਿੰਤਾ

ਭਾਰਤ ਤੇ ਪਾਕਿਸਤਾਨ ਸੰਜਮ ਵਰਤਣ : ਐਂਟੋਨੀਓ ਗੁਤਾਰੇਸ



ਨਵੀਂ ਦਿੱਲੀ, 7 ਮਈ: ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ, ਭਾਰਤੀ ਫ਼ੌਜ ਨੇ 'ਆਪ੍ਰੇਸ਼ਨ ਸੰਧੂਰ' ਦੇ ਤਹਿਤ ਪਾਕਿਸਤਾਨ ਤੋਂ ਬਦਲਾ ਲਿਆ। ਜਵਾਬੀ ਕਾਰਵਾਈ ਵਿਚ ਪਾਕਿਸਤਾਨ ਦੇ ਨੌਂ ਅਤਿਵਾਦੀ ਟਿਕਾਣਿਆਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਤਬਾਹ ਕਰ ਦਿਤਾ ਗਿਆ। ਇਹ ਕਾਰਵਾਈ ਭਾਰਤੀ ਫ਼ੌਜ ਵਲੋਂ ਪਹਿਲਗਾਮ ਅਤਿਵਾਦੀ ਹਮਲੇ ਦੇ 15 ਦਿਨਾਂ ਬਾਅਦ ਕੀਤੀ ਗਈ ਹੈ, ਜਿਸ ਤੋਂ ਬਾਅਦ ਪਾਕਿਸਤਾਨ ਹਿੱਲ ਗਿਆ ਹੈ।

ਭਾਰਤ ਦੀ ਇਸ ਕਾਰਵਾਈ 'ਤੇ ਦੁਨੀਆ ਭਰ ਦੇ ਕਈ ਨੇਤਾਵਾਂ ਦੀਆਂ ਪ੍ਰਤੀਕਿਰਿਆਵਾਂ ਵੀ ਸਾਹਮਣੇ ਆਈਆਂ ਹਨ। ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਤਾਰੇਸ ਨੇ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ।

ਰੂਸ ਨੇ ਪਹਿਲਗਾਮ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਭਾਰਤ ਤੇ ਪਾਕਿ ਵਿਚਕਾਰ ਫ਼ੌਜੀ ਟਕਰਾਅ ਵਧਣ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ।

ਇੰਗਲੈਂਡ ਨੇ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਗੱਲਬਾਤ ਅਤੇ ਤਣਾਅ ਘਟਾਉਣ ਵੱਲ ਵਧਣ ਦਾ ਸਮਰਥਨ ਕਰਨ ਲਈ ਤਿਆਰ ਹੈ।

ਸੰਯੁਕਤ ਅਰਬ ਅਮੀਰਾਤ (ਯੂਏਈ) ਤੇ ਜਾਪਾਨ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਦੋਵਾਂ ਦੇਸ਼ਾਂ ਨੇ ਸੰਜਮ ਵਰਤਣ ਅਤੇ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ।

ਇਸ ਦੌਰਾਨ, ਜਾਪਾਨ ਦੇ ਮੁੱਖ ਕੈਬਨਿਟ ਸਕੱਤਰ ਯੋਸ਼ੀਮਾਸਾ ਹਯਾਸ਼ੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ।

ਇਸ ਦੌਰਾਨ, ਅਮਰੀਕਾ ਨੇ ਭਾਰਤ ਦੀ ਕਾਰਵਾਈ ਬਾਰੇ ਕਿਹਾ ਕਿ ਜੰਗ ਕਦੇ ਵੀ ਮਸਲਿਆਂ ਦਾ ਹੱਲ ਨਹੀਂ ਹੁੰਦੀ, ਪਰ ਜਦੋਂ ਅਜਿਹੀਆਂ ਅਤਿਵਾਦੀ ਘਟਨਾਵਾਂ ਵਾਪਰਦੀਆਂ ਹਨ, ਤਾਂ ਇਹ ਜ਼ਰੂਰੀ ਹੈ ਕਿ ਅਤਿਵਾਦੀਆਂ ਨੂੰ ਲੱਭਿਆ ਜਾਵੇ ਅਤੇ ਉਨ੍ਹਾਂ ਨੂੰ ਸਜ਼ਾ ਦਿਤੀ ਜਾਵੇ।

ਉਧਰ, ਭਾਰਤ ਦੀ ਕਾਰਵਾਈ 'ਤੇ, ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਨੇ ਨਾ ਸਿਰਫ਼ ਭਾਰਤੀ ਹਮਲੇ ਦੀ ਪੁਸ਼ਟੀ ਕੀਤੀ, ਸਗੋਂ ਇਸਨੂੰ ਜੰਗ ਵਰਗਾ ਕਦਮ ਵੀ ਕਿਹਾ।

ਕਾਬਿਲੇਗੌਰ ਹੈ ਕਿ 22 ਅਪ੍ਰੈਲ ਨੂੰ ਪਾਕਿਸਤਾਨ ਨੇ ਜੰਮੂ ਕਸ਼ਮੀਰ ਦੇ ਪਹਿਲਗਾਮ 'ਤੇ ਹਮਲਾ ਕੀਤਾ ਸੀ, ਜਿਸ ਵਿਚ 26 ਲੋਕ ਮਾਰੇ ਗਏ ਸੀ। *(ਏਜੰਸੀ)*

ਭਾਰਤ-ਪਾਕਿ ਤਣਾਅ ਵਿਚਾਲੇ ਚੀਨ ਦੀ ਅਪੀਲ, 'ਦੋਵੇਂ ਮੁਲਕ ਇਕ ਦੂਜੇ ਨਾਲ ਸੰਜਮ ਵਰਤਣ'



ਬੀਜਿੰਗ, 7 ਮਈ: ਭਾਰਤ ਨੇ ਪਾਕਿਸਤਾਨ ਦੇ 9 ਅਤਿਵਾਦੀ ਟਿਕਾਣਿਆਂ 'ਤੇ ਦੇਰ ਰਾਤ ਹਮਲਾ ਕੀਤਾ। ਜਿਸ ਤੋਂ ਬਾਅਦ ਪੂਰੀ ਦੁਨੀਆ 'ਚ ਹਲਚਲ ਮਚ ਗਈ ਹੈ। ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਵਧਦਾ ਨਜ਼ਰ ਆ ਰਿਹਾ ਹੈ। ਇਸੇ ਦਰਮਿਆਨ ਪੂਰੀ ਦੁਨੀਆ ਦੇ ਦਿੱਗਜ ਆਗੂ ਭਾਰਤੀ ਫ਼ੌਜ ਦੇ 'ਆਪਰੇਸ਼ਨ ਸੰਧੂਰ' 'ਤੇ ਅਪਣੀ ਪ੍ਰਤੀਕਿਰਿਆ ਦਿਤੀ ਹੈ। ਇਸ ਵਿਚ ਚੀਨ ਦਾ ਨਾਮ ਵੀ ਸ਼ਾਮਲ ਹੋ ਗਿਆ ਹੈ। ਚੀਨ ਨੇ ਦੋਵੇਂ ਮੁਲਕਾਂ ਵਿਚਾਲੇ ਵਧਦੇ ਤਣਾਅ 'ਤੇ ਚਿੰਤਾ ਜ਼ਾਹਰ ਕੀਤੀ ਹੈ ਅਤੇ ਨਾਲ ਹੀ ਦੋਵਾਂ ਦੇਸ਼ਾਂ ਨੂੰ ਇਕ ਦੂਜੇ ਨਾਲ ਸੰਜਮ ਵਰਤਣ ਦੀ ਅਪੀਲ ਵੀ ਕੀਤੀ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ 'ਅਸੀਂ ਮੌਜੂਦਾ ਸਥਿਤੀ ਬਾਰੇ ਚਿੰਤਤ ਹਾਂ।'

ਇਸ ਦੇ ਨਾਲ ਹੀ ਚੀਨ ਨੇ ਇਹ ਵੀ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਇਕ ਦੂਜੇ ਦੇ ਗੁਆਂਢੀ ਹਨ ਅਤੇ ਹਮੇਸ਼ਾ ਰਹਿਣਗੇ। ਉਹ ਦੋਵੇਂ ਚੀਨ ਦੇ ਗੁਆਂਢੀ ਵੀ ਹਨ। ਚੀਨ ਹਰ ਤਰ੍ਹਾਂ ਦੇ ਅਤਿਵਾਦ ਦਾ ਵਿਰੋਧ ਕਰਦਾ ਹੈ।

ਉਧਰ ਪਾਕਿਸਤਾਨ ਨੇ ਬੁਧਵਾਰ ਨੂੰ ਚੀਨੀ ਰਾਜਦੂਤ ਜਿਆਂਗ ਜ਼ੈਦੋਂਗ ਨੂੰ ਭਾਰਤ ਨਾਲ ਤਾਜ਼ਾ ਤਣਾਅ ਬਾਰੇ ਜਾਣਕਾਰੀ ਦਿਤੀ। ਵਿਦੇਸ਼ ਦਫ਼ਤਰ ਦੇ ਅਨੁਸਾਰ ਭਾਰਤ ਨਾਲ ਚੱਲ ਰਹੇ ਤਣਾਅ ਦੇ ਵਿਚਕਾਰ ਚੀਨ ਦੇ ਰਾਜਦੂਤ ਨੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨਾਲ ਮੁਲਾਕਾਤ ਕੀਤੀ।

ਵਿਦੇਸ਼ ਦਫ਼ਤਰ ਨੇ ਕਿਹਾ, 'ਉਪ ਪ੍ਰਧਾਨ ਮੰਤਰੀ ਨੇ ਚੀਨੀ ਰਾਜਦੂਤ ਨੂੰ ਭਾਰਤ ਵਲੋਂ ਪਾਕਿਸਤਾਨ ਦੀ ਪ੍ਰਭੂਸੱਤਾ ਦੀ 'ਬਿਨਾਂ ਭੜਕਾਹਟ ਦੀ ਉਲੰਘਣਾ' ਅਤੇ ਮਾਸੂਮ ਜਾਨਾਂ ਦੇ ਦੁਖਦਾਈ ਨੁਕਸਾਨ ਤੋਂ ਬਾਅਦ ਗੰਭੀਰ ਸਥਿਤੀ ਬਾਰੇ ਜਾਣਕਾਰੀ ਦਿਤੀ।' **(ਏਜੰਸੀ)**

ਰੋਹਿਤ ਸ਼ਰਮਾ ਨੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਕੀਤਾ ਐਲਾਨ

ਇਕ ਰੋਜ਼ਾ ਮੈਚ ਖੇਡਦੇ ਰਹਿਣਗੇ



ਨਵੀਂ ਦਿੱਲੀ, 7 ਮਈ: ਭਾਰਤੀ ਟੀਮ ਦੇ ਪਤਾਨ ਰੋਹਿਤ ਸ਼ਰਮਾ ਨੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿਤਾ ਹੈ। ਇਸ ਨਾਲ ਹੁਣ ਸਭ ਤੋਂ ਲੰਬੇ ਫਾਰਮੈਟ ਵਿਚ ਉਨ੍ਹਾਂ ਦੇ ਭਵਿੱਖ ਬਾਰੇ ਅਫ਼ਵਾਹਾਂ 'ਤੇ ਰੋਕ ਲੱਗ ਗਈ ਹੈ। ਰੋਹਿਤ ਟੈਸਟ ਫਾਰਮੈਟ ਵਿਚ ਭਾਰਤ ਦਾ ਸਭ ਤੋਂ ਸਫ਼ਲ ਬੱਲੇਬਾਜ਼ ਹੈ, ਜਿਸਨੇ 67 ਟੈਸਟਾਂ ਵਿਚ 40.57 ਦੀ ਔਸਤ ਨਾਲ 430 ਦੌੜਾਂ ਬਣਾਈਆਂ ਹਨ, ਜਿਸ ਵਿਚ 12 ਸੈਂਕੜੇ ਅਤੇ 18 ਅਰਧ ਸੈਂਕੜੇ ਸ਼ਾਮਲ ਹਨ। ਰੋਹਿਤ ਦੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਤੋਂ ਬਾਅਦ, ਇਹ ਸਪੱਸ਼ਟ ਹੋ ਗਿਆ ਹੈ ਕਿ ਭਾਰਤੀ ਟੀਮ ਨੂੰ ਇੰਗਲੈਂਡ ਦੌਰੇ 'ਤੇ ਇਕ ਨਵਾਂ ਟੈਸਟ ਕਪਤਾਨ ਮਿਲੇਗਾ। ਇਸ ਦੌੜ ਵਿਚ ਜਸਪ੍ਰੀਤ ਬੁਮਰਾਹ, ਕੇਐਲ ਰਾਹੁਲ, ਸ਼ੁਭਮਨ ਗਿੱਲ ਅਤੇ ਰਿਸ਼ਭ ਪੰਤ ਸਭ ਤੋਂ ਅੱਗੇ ਹਨ। **(ਏਜੰਸੀ)**

ਇਜ਼ਰਾਈਲ ਨੇ ਫਿਰ ਗਾਜ਼ਾ 'ਚ ਤੇਜ਼ ਕੀਤੇ ਹਮਲੇ, 59 ਲੋਕਾਂ ਦੀ ਮੌਤ



ਗਾਜ਼ਾ, 7 ਮਈ: ਇਜ਼ਰਾਈਲ ਅਤੇ ਹਮਾਸ ਵਿਚਕਾਰ ਚੱਲ ਰਹੀ ਜੰਗ ਹੁਣ 20ਵੇਂ ਮਹੀਨੇ ਵਿਚ ਪਹੁੰਚ ਗਈ ਹੈ, ਪਰ ਸਥਿਤੀ ਸੁਧਰਨ ਦੀ ਥਾਂ ਹੋਰ ਭਿਆਨਕ ਹੁੰਦੀ ਜਾ ਰਹੀ ਹੈ। ਮੰਗਲਵਾਰ ਰਾਤ ਨੂੰ ਇਕ ਵਾਰ ਫ਼ਿਰ ਇਜ਼ਰਾਈਲ ਨੇ ਗਾਜ਼ਾ ਵਿਚ ਵੱਡਾ ਹਮਲਾ ਕੀਤਾ। ਹਸਪਤਾਲ ਤੋਂ ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ ਹਵਾਈ ਹਮਲਿਆਂ ਵਿਚ ਘੱਟੋ-ਘੱਟ 59 ਲੋਕ ਮਾਰੇ ਗਏ। ਦਸ ਦਈਏ ਕਿ ਮਰਨ ਵਾਲਿਆਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਇਜ਼ਰਾਈਲ ਤੇ ਹਮਾਸ ਦਰਮਿਆਨ ਚੱਲ ਰਹੇ ਟਕਰਾਅ ਵਿਚਾਲੇ, ਇਹ ਇਜ਼ਰਾਈਲੀ ਹਵਾਈ ਹਮਲਾ ਗਾਜ਼ਾ ਵਿਚ ਬੁਰੇਜ ਸ਼ਰਨਾਰਥੀ ਕੈਂਪ ਦੇ ਇਕ ਸਕੂਲ 'ਤੇ ਹੋਇਆ, ਜਿਥੇ ਸੈਂਕੜੇ ਲੋਕਾਂ ਨੇ ਪਨਾਹ ਲਈ ਹੋਈ ਸੀ। ਇਸ ਹਮਲੇ ਵਿਚ 27 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ 9 ਔਰਤਾਂ ਅਤੇ 3 ਬੱਚੇ ਸ਼ਾਮਲ ਸਨ। ਜੰਗ ਸ਼ੁਰੂ ਹੋਣ ਤੋਂ ਬਾਅਦ ਇਹ ਪੰਜਵੀਂ ਵਾਰ ਹੈ, ਜਦੋਂ ਸਕੂਲ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਹਾਲਾਂਕਿ ਇਜ਼ਰਾਈਲੀ ਫ਼ੌਜ ਨੇ ਇਨ੍ਹਾਂ ਹਮਲਿਆਂ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। *(ਏਜੰਸੀ)*

ਲਹਿੰਦੇ ਪੰਜਾਬ 'ਚ ਲੱਗੀ ਐਮਰਜੈਂਸੀ

48 ਘੰਟਿਆਂ ਲਈ ਏਅਰ ਸਪੇਸ ਕੀਤਾ ਗਿਆ ਬੰਦ



ਇਸਲਾਮਾਬਾਦ, 7 ਮਈ: ਭਾਰਤ ਦੇ 'ਆਪ੍ਰੇਸ਼ਨ ਸੰਧੂਰ' ਤੋਂ ਬਾਅਦ ਬੁਧਵਾਰ ਨੂੰ ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਐਮਰਜੈਂਸੀ ਦਾ ਐਲਾਨ ਕਰ ਦਿਤਾ ਗਿਆ ਹੈ। ਇਸ ਦੇ ਨਾਲ ਹੀ ਸਾਰੇ ਸਕੂਲ ਅਤੇ ਕਾਲਜ ਬੰਦ ਕਰ ਦਿਤੇ ਗਏ ਹਨ ਅਤੇ ਹਸਪਤਾਲਾਂ ਵਿਚ ਡਾਕਟਰਾਂ ਦੀਆਂ ਛੁੱਟੀਆਂ ਰੱਦ ਕਰ ਦਿਤੀਆਂ ਗਈਆਂ ਹਨ। ਦਸ ਦਈਏ ਕਿ ਪਹਿਲਗਾਮ ਅਤਿਵਾਦੀ ਹਮਲੇ ਅਤੇ ਭਾਰਤ ਦੀ ਕਾਰਵਾਈ ਤੋਂ ਬਾਅਦ ਪਾਕਿਸਤਾਨ ਵਿਚ ਸਥਿਤੀ ਬਹੁਤ ਤਣਾਅਪੂਰਨ ਬਣੀ ਹੋਈ ਹੈ।

ਪਾਕਿਸਤਾਨੀ ਫ਼ੌਜ ਦੇ ਅਨੁਸਾਰ, ਭਾਰਤੀ ਮਿਜ਼ਾਈਲ ਹਮਲਿਆਂ ਵਿਚ ਘੱਟੋ-ਘੱਟ 26 ਲੋਕਾਂ ਦੀ ਮੌਤ ਹੋ ਗਈ ਹੈ ਅਤੇ 46 ਜ਼ਖ਼ਮੀ ਹੋਣ ਦੀ ਖ਼ਬਰ ਹੈ। ਇਹ ਹਮਲੇ ਅੱਧੀ ਰਾਤ ਤੋਂ ਬਾਅਦ ਲਹਿੰਦੇ ਪੰਜਾਬ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਦੇ ਕਈ ਸ਼ਹਿਰਾਂ 'ਤੇ ਕੀਤੇ ਗਏ।

ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਪੂਰੇ ਪੰਜਾਬ ਵਿਚ ਐਮਰਜੈਂਸੀ ਲਗਾਉਣ ਦਾ ਐਲਾਨ ਕੀਤਾ। ਇਕ ਸਰਕਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਪੁਲਿਸ ਅਤੇ ਸਾਰੀਆਂ ਸੁਰੱਖਿਆ ਏਜੰਸੀਆਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਸਾਰੇ ਡਾਕਟਰਾਂ ਅਤੇ ਹਸਪਤਾਲ ਦੇ ਸਟਾਫ਼ ਦੀਆਂ ਛੁੱਟੀਆਂ ਤੁਰੰਤ ਰੱਦ ਕਰ ਦਿਤੀਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਡਿਊਟੀ 'ਤੇ ਵਾਪਸ ਬੁਲਾ ਲਿਆ ਗਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਨੂੰ ਵੀ ਪੂਰੀ ਤਰ੍ਹਾਂ ਅਲਰਟ ਕਰ ਦਿਤਾ ਗਿਆ ਹੈ।

ਦਸ ਦਈਏ ਕਿ ਭਾਰਤੀ ਫ਼ੌਜ ਨੇ ਇਹ ਹਮਲਾ ਆਪ੍ਰੇਸ਼ਨ ਸੰਧੂਰ ਦੇ ਤਹਿਤ ਕੀਤਾ। ਇਹ ਕਾਰਵਾਈ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅਤਿਵਾਦੀ ਹਮਲੇ ਦੇ ਬਦਲੇ ਵਿਚ ਕੀਤੀ ਗਈ ਸੀ, ਜਿਸ ਵਿਚ 26 ਲੋਕ ਮਾਰੇ ਗਏ ਸਨ। ਭਾਰਤ ਨੇ ਪਾਕਿਸਤਾਨ ਅਤੇ ਪੀਓਕੇ ਵਿਚ ਨੌਂ ਅੱਤਵਾਦੀ ਟਿਕਾਣਿਆਂ 'ਤੇ ਮਿਜ਼ਾਈਲਾਂ ਨਾਲ ਹਮਲਾ ਕੀਤਾ। *(ਏਜੰਸੀ)*

'ਆਪਰੇਸ਼ਨ ਸੰਧੂਰ' ਨੇ ਸ਼ੇਅਰ ਬਾਜ਼ਾਰ 'ਚ ਭਰੇ ਰੰਗ, ਸੈਂਸੈਕਸ ਤੇ ਨਿਫ਼ਟੀ 'ਚ ਉਛਾਲ

ਮੁੰਬਈ, 7 ਮਈ: ਆਪਰੇਸ਼ਨ ਸੰਧੂਰ ਨੇ ਭਾਰਤੀ ਸ਼ੇਅਰ ਬਾਜ਼ਾਰ 'ਚ ਵੀ ਰੰਗ ਭਰ ਦਿਤੇ ਹਨ। ਬੁੱਧਵਾਰ ਨੂੰ ਸੈਂਸੈਕਸ ਤੇ ਨਿਫ਼ਟੀ 'ਚ ਉਛਾਲ ਦੇਖਣ ਨੂੰ ਮਿਲਿਆ। ਬੀਐਸਈ ਸੈਂਸੈਕਸ 105.71 ਅੰਕ ਜਾਂ 0.13 ਪ੍ਰਤੀਸ਼ਤ ਵਧ ਕੇ 80,746.78 'ਤੇ ਬੰਦ ਹੋਇਆ। ਦਿਨ ਦੇ ਕਾਰੋਬਾਰ ਦੌਰਾਨ, ਸੈਂਸੈਕਸ 80,844.63 ਦੇ ਉੱਚ ਪੱਧਰ ਅਤੇ 79,937.48 ਦੇ ਹੇਠਲੇ ਪੱਧਰ 'ਤੇ ਪਹੁੰਚ ਗਿਆ। ਐਨਐਸਈ ਦਾ 50-ਇਸ਼ੂ ਵਾਲਾ ਨਿਫ਼ਟੀ 34.80 ਅੰਕ ਜਾਂ 0.14 ਪ੍ਰਤੀਸ਼ਤ ਵਧ ਕੇ 24,414.40 'ਤੇ ਬੰਦ ਹੋਇਆ। ਸੈਸ਼ਨ ਦੌਰਾਨ ਨਿਫਟੀ 24,449.60 ਦੇ ਉੱਚ ਪੱਧਰ ਅਤੇ 24,220 ਦੇ ਹੇਠਲੇ ਪੱਧਰ ਦੇ ਵਿਚਕਾਰ ਚਲਾ ਗਿਆ। *(ਏਜੰਸੀ)*

'ਭਾਰਤ-ਪਾਕਿ ਵਿਚਾਲੇ ਤਣਾਅ ਦੇ ਬਾਵਜੂਦ ਆਈ.ਪੀ.ਐਲ. ਆਮ ਵਾਂਗ ਜਾਰੀ ਰਹੇਗਾ'

ਨਵੀਂ ਦਿੱਲੀ, 7 ਮਈ : ਆਈ.ਪੀ.ਐਲ. ਦਾ 2025 ਸੀਜ਼ਨ, ਜੋ ਕਿ 25 ਮਈ ਤਕ ਚੱਲਣ ਵਾਲਾ ਹੈ, ਆਮ ਵਾਂਗ ਜਾਰੀ ਰਹੇਗਾ, ਬੀ.ਸੀ.ਸੀ.ਆਈ. ਦੇ ਸੂਤਰ ਨੇ ਦਸਿਆ। ਇਹ ਭਾਰਤੀ ਹਥਿਆਰਬੰਦ ਬਲਾਂ ਵਲੋਂ ਆਪ੍ਰੇਸ਼ਨ ਸੰਧੂਰ ਦੇ ਸਫ਼ਲਤਾਪੂਰਵਕ ਲਾਗੂ ਕਰਨ ਤੇ 22 ਅਪ੍ਰੈਲ ਨੂੰ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵਧਣ ਤੋਂ ਬਾਅਦ ਆਇਆ ਹੈ। ਸੂਤਰ ਨੇ ਦਸਿਆ ਕਿ ਮੌਜੂਦਾ ਹਾਲਾਤ ਦਾ ਆਈ.ਪੀ.ਐਲ. ਸ਼ਡਿਊਲਿੰਗ ਤੇ ਮੈਚਾਂ 'ਤੇ ਕੋਈ ਅਸਰ ਨਹੀਂ ਪਵੇਗਾ ਤੇ ਇਹ ਸ਼ਡਿਊਲ ਅਨੁਸਾਰ ਹੀ ਚੱਲੇਗਾ। *(ਏਜੰਸੀ)*

ਅਤਿਵਾਦੀਆਂ ਦੇ ਅੰਤਮ ਸਸਕਾਰ 'ਚ ਸ਼ਾਮਲ ਹੋਏ ਪਾਕਿਸਤਾਨੀ ਫ਼ੌਜ ਦੇ ਅਧਿਕਾਰੀ

ਪਾਕਿਸਤਾਨ ਦੇ ਨਾਪਾਕ ਇਰਾਦੇ ਹੋਏ ਬੇਨਕਾਬ

ਲਾਹੌਰ, 7 ਮਈ: ਭਾਰਤ ਦੇ ਆਪਰੇਸ਼ਨ ਸੰਧੂਰ ਨੇ ਪਾਕਿਸਤਾਨ ਦੇ ਸਾਹ ਸੁਕਾ ਦਿਤੇ ਹਨ। ਰਾਤ ਦੇ ਹਨੇਰੇ 'ਚ ਜਦੋਂ ਭਾਰਤ ਨੇ ਪਾਕਿਸਤਾਨ 'ਤੇ ਮਿਜ਼ਾਇਲ ਹਮਲਾ ਕੀਤਾ ਤਾਂ ਇਸ 'ਚ ਭਾਰਤੀ ਫ਼ੌਜ ਦੇ ਨਿਸ਼ਾਨੇ 'ਤੇ ਇਕ ਮਸਜਿਦ ਵੀ ਆ ਗਈ। ਇਸ ਮਸਜਿਦ ਦੇ ਇਕ ਕਮਰੇ 'ਚ ਤਿੰਨ ਸ਼ਖ਼ਸ ਸੌਂ ਰਹੇ ਸੀ। ਇਨ੍ਹਾਂ ਤਿੰਨਾਂ ਦੀ ਮੌਕੇ 'ਤੇ ਮੌਤ ਹੋ ਗਈ। ਜਿਨ੍ਹਾਂ ਦੇ ਅੰਤਿਮ ਸਸਕਾਰ 'ਤੇ ਪਾਬੰਦੀਸ਼ੁਦਾ ਅਤਿਵਾਦੀ ਸੰਗਠਨ ਜੇਯੂਡੀ ਯਾਨਿ ਜਮਾਤ ਉਦ ਦਾਵਾ ਦੇ ਅਤਿਵਾਦੀ ਤੇ ਪਾਕਿਸਤਾਨੀ ਫੌਜ ਦੇ ਅਧਿਕਾਰੀ ਸ਼ਾਮਲ ਹੋਏ।

ਦਸਿਆ ਜਾਂਦਾ ਹੈ ਕਿ ਇਹ ਤਿੰਨੇ ਸ਼ਖ਼ਸ ਜਮਾਤ ਉਦ ਦਵਾ ਦੇ ਅਤਿਵਾਦੀ ਸਨ। ਇਥੇ ਇਹ ਵੀ ਦਸਣਯੋਗ ਹੈ ਕਿ ਜਿਸ ਮਸਜਿਦ 'ਤੇ ਭਾਰਤੀ ਫ਼ੌਜ ਨੇ ਹਮਲਾ ਕੀਤਾ, ਉਹ ਲਾਹੌਰ ਤੋਂ ਕਰੀਬ 40 ਕਿਲੋਮੀਟਰ ਦੂਰ ਸਥਿਤ ਹੈ।

ਦਸ ਦਈਏ ਕਿ ਮ੍ਰਿਤਕਾਂ ਦਾ ਅੰਤਿਮ ਸਸਕਾਰ ਭਾਰੀ ਸੁਰੱਖਿਆ ਦੇ ਵਿਚਾਲੇ ਕੀਤਾ ਗਿਆ, ਜਿਸ ਵਿਚ ਜ਼ਿਲ੍ਹੇ ਦੇ ਉੱਚ ਅਧਿਕਾਰੀ ਵੀ ਸ਼ਾਮਲ ਹੋਏ।

ਦੂਜੇ ਪਾਸੇ, ਪਾਕਿਸਤਾਨ ਨੇ ਹਾਲੇ ਵੀ ਇਸ ਹਮਲੇ ਤੋਂ ਬਾਅਦ ਸਬਕ ਨਹੀਂ ਸਿੱਖਿਆ ਹੈ। ਪਾਕਿਸਤਾਨ ਮਰਕਾਜ਼ੀ ਮੁਸਲਿਮ ਲੀਗ ਦੇ ਬੁਲਾਰੇ ਤਾਬਿਸ਼ ਕਯੂਮ ਨੇ ਕਿਹਾ ਕਿ ਭਾਰਤ ਨੇ ਸਾਡੇ 'ਤੇ ਰਾਤ ਨੂੰ ਹਮਲਾ ਕੀਤਾ ਹੈ, ਪਰ ਅਸੀਂ ਦਿਨ ਦਿਹਾੜੇ ਬਦਲਾ ਲਵਾਂਗੇ। *(ਏਜੰਸੀ)*

ਆਪਰੇਸ਼ਨ ਸੰਧੂਰ ਤੋਂ ਬਾਅਦ ਪਾਕਿਸਤਾਨ 'ਚ ਭਾਰੀ ਜਲ ਸੰਕਟ



ਇਸਲਾਮਾਬਾਦ, 7 ਮਈ: ਅਤਿਵਾਦੀਆਂ ਲਈ ਸੁਰੱਖਿਅਤ ਪਨਾਹਗਾਹ ਬਣੇ ਪਾਕਿਸਤਾਨ ਨੂੰ ਭਾਰਤ ਨਾਲ ਟੱਕਰ ਲੈਣਾ ਮਹਿੰਗਾ ਪੈ ਰਿਹਾ ਹੈ। ਗੁਆਂਢੀ ਦੇਸ਼ 'ਤੇ ਹੁਣ ਦੁੱਗਣੀ ਮਾਰ ਪੈ ਰਹੀ ਹੈ। ਦਰਅਸਲ, ਇਹ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ ਕਿ ਭਾਰਤੀ ਫ਼ੌਜ ਦੀ ਕਾਰਵਾਈ ਤੋਂ ਬਾਅਦ ਪਾਕਿਸਤਾਨ ਪਾਣੀ ਦੀ ਕਮੀ ਨਾਲ ਜੂਝ ਰਿਹਾ ਹੈ। ਰਾਵਲਪਿੰਡੀ ਤੇ ਇਸਲਾਮਾਬਾਦ ਵਿਚ ਵੱਡਾ ਜਲ ਸੰਕਟ ਖੜ੍ਹਾ ਹੋ ਰਿਹਾ ਹੈ, ਕਿਉਂਕਿ ਪਾਕਿਸਤਾਨ ਦੇ ਖ਼ਾਨਪੁਰ ਡੈਮ ਵਿਚ ਪਾਣੀ ਦਾ ਪੱਧਰ ਖ਼ਤਰਨਾਕ ਢੰਗ ਨਾਲ ਹੇਠਾਂ ਡਿੱਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਡੈਮ ਵਿਚ ਸਿਰਫ਼ 35 ਦਿਨਾਂ ਦੀ ਪਾਣੀ ਦੀ ਸਪਲਾਈ ਬਾਕੀ ਹੈ। ਪਾਕਿਸਤਾਨ ਦੇ ਇਸ ਖੇਤਰ ਵਿਚ ਪਾਣੀ ਦਾ ਸੰਕਟ ਇੰਨਾ ਗੰਭੀਰ ਹੋ ਗਿਆ ਹੈ ਕਿ ਡੈਮ ਦੇ ਮੁੱਖ ਸਟੋਰੇਜ ਖੇਤਰ ਅਤੇ ਸਪਿਲਵੇਅ ਦੇ ਆਲੇ-ਦੁਆਲੇ ਚੱਟਾਨਾਂ ਅਤੇ ਮਿੱਟੀ ਦੇ ਢੇਰ ਦਿਖਾਈ ਦੇਣ ਲੱਗ ਪਏ ਹਨ, ਜੋ ਪਾਣੀ ਦੇ ਪੱਧਰ ਵਿਚ ਤੇਜ਼ੀ ਨਾਲ ਗਿਰਾਵਟ ਅਤੇ ਜਲਵਾਯੂ ਪਰਿਵਰਤਨ ਦੇ ਗੰਭੀਰ ਪ੍ਰਭਾਵਾਂ ਨੂੰ ਦਰਸਾਉਂਦੇ ਹਨ। ਰਿਪੋਰਟ ਵਿਚ ਇਹ ਵੀ ਕਿਹਾ ਜਾ ਰਿਹਾ ਹੈ ਕਿ ਜੇਕਰ ਅਗਲੇ 10-15 ਦਿਨਾਂ ਵਿਚ ਚੰਗੀ ਬਾਰਿਸ਼ ਨਹੀਂ ਹੋਈ ਤਾਂ ਪਾਣੀ ਦਾ ਪੱਧਰ ਡੈੱਡ ਲੈਵਲ ਦੇ ਨੇੜੇ ਪਹੁੰਚ ਸਕਦਾ ਹੈ। *(ਏਜੰਸੀ)*

ਪੰਜਾਬ ਐਂਡ ਸਿੰਧ ਬੈਂਕ
ਭਾਰਤ ਸਰਕਾਰ ਦਾ ਇਕ ਅਦਾਰਾ

ਜ਼ੋਨਲ ਦਫਤਰ : ਗੁਰਦਾਸਪੁਰ

ਕਬਜ਼ਾ ਨੋਟਿਸ (ਅਚੱਲ ਜਾਇਦਾਦ/ਜਾਇਦਾਦਾਂ ਲਈ)

ਜਦੋਂਕਿ ਨਿਮਨਹਸਤਾਖ਼ੀ ਨੇ ਪੰਜਾਬ ਐਂਡ ਸਿੰਧ ਬੈਂਕ ਦੇ ਅਧਿਕਾਰਤ ਅਫ਼ਸਰ ਵਜੋਂ ਸਕਿਉਰਟਾਈਜੇਸ਼ਨ ਤੇ ਰੀਕਨਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਕਿਉਰਟੀ ਇੰਟਰਸਟ ਐਕਟ 2002 (54 ਆਫ਼ 2002) ਅਤੇ ਸਕਿਉਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(2) ਅਤੇ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਮਿਤੀ ਨੂੰ ਕਰਜ਼ਦਾਰ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਨੂੰ ਡਿਮਾਂਡ ਨੋਟਿਸ ਵਿਚ ਦਰਸਾਈ ਰਕਮ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਦੇ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਗਿਆ।

ਕਰਜ਼ਦਾਰ ਰਕਮ ਅਦਾ ਕਰਨ ਵਿਚ ਨਾਕਾਮ ਰਹੇ, ਇਸ ਨੋਟਿਸ ਰਾਹੀਂ ਕਰਜ਼ਦਾਰ/ਗਰੰਟਰਾਂ/ਗਿਰਵੀਕਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਕਤ ਰੂਲਜ਼ ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਸੰਕੇਤਕ ਕਬਜਾ ਲੈ ਲਿਆ ਹੈ।

ਕਰਜ਼ਦਾਰ/ਗਰੰਟਰਾਂ ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਉਕਤ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ ਅਤੇ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਹੇਠ ਦਰਸਾਈ ਰਕਮ ਦੇ ਨਾਲ ਵਿਆਜ ਅਤੇ ਖਾਤੇ ਵਿਰੁਧ ਦਰਸਾਏ ਹੋਰ ਚਾਰਜਿਜ਼/ਖਰਚਿਆਂ ਦੀ ਪੰਜਾਬ ਐਂਡ ਸਿੰਧ ਬੈਂਕ ਕੋਲ ਹੈ।

ਕਰਜ਼ਦਾਰ(ਾਂ)/ਗਰੰਟਰ(ਾਂ) ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਬਰਾਂਚ, ਕਰਜ਼ਦਾਰ(ਾਂ)/ਗਰੰਟਰ(ਾਂ) ਦਾ ਨਾਮ	ਅਚੱਲ ਜਾਇਦਾਦ/ਜਾਇਦਾਦਾਂ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ
ਬਰਾਂਚ ਦਫ਼ਤਰ : ਨੌਸ਼ਹਿਰਾ ਮਾਝਾ ਸਿੰਘ ਕਰਜ਼ਦਾਰ(ਾਂ): 1. ਸ਼੍ਰੀ ਪ੍ਰਭਜੋਤ ਕੌਰ ਪੁੱਤਰੀ ਸ਼੍ਰੀ ਰਾਜਿੰਦਰ ਸਿੰਘ ਗਿੱਲ, ਵਾਸੀ ਪਿੰਡ ਰਾਏ ਚੱਕ, ਡਾਕਖਾਨਾ. ਨੌਸ਼ਹਿਰਾ ਮਾਝਾ ਸਿੰਘ, ਜ਼ਿਲ੍ਹਾ ਗੁਰਦਾਸਪੁਰ 2. ਸ਼੍ਰੀ ਬਲਜੀਤ ਸਿੰਘ ਪੁੱਤਰ ਸ੍ਰੀ ਅਰਜਨ ਸਿੰਘ, ਵਾਸੀ ਪਿੰਡ ਰਾਏ ਚੱਕ, ਡਾਕਖਾਨਾ. ਨੌਸ਼ਹਿਰਾ ਮਾਝਾ ਸਿੰਘ, ਜ਼ਿਲ੍ਹਾ ਗੁਰਦਾਸਪੁਰ ਗਾਰੰਟਰ(ਾਂ): 1. ਸ਼੍ਰੀਮਤੀ ਜਸਵੀਰ ਕੌਰ ਪਤਨੀ ਸ੍ਰੀ ਅਰਜਨ ਸਿੰਘ ਵਾਸੀ ਪਿੰਡ ਰਾਏ ਚੱਕ, ਡਾਕਖਾਨਾ. ਨੌਸ਼ਹਿਰਾ ਮਾਝਾ ਸਿੰਘ, ਜ਼ਿਲ੍ਹਾ ਗੁਰਦਾਸਪੁਰ, 2. ਸ਼੍ਰੀ ਚਰਨਜੀਤ ਸਿੰਘ ਪੁੱਤਰ ਸ੍ਰੀ ਅਰਜਨ ਸਿੰਘ ਵਾਸੀ ਪਿੰਡ ਰਾਏ ਚੱਕ, ਡਾਕਖਾਨਾ. ਨੌਸ਼ਹਿਰਾ ਮਾਝਾ ਸਿੰਘ, ਜ਼ਿਲ੍ਹਾ ਗੁਰਦਾਸਪੁਰ, 3. ਸ਼੍ਰੀ ਬਲਦੇਵ ਸਿੰਘ ਪੁੱਤਰ ਸ਼੍ਰੀ ਅਮਰ ਸਿੰਘ, ਵਾਸੀ ਪਿੰਡ ਚੀਨਾ ਰਤਵਾਲਾ, ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ।	ਅਚੱਲ ਜਾਇਦਾਦ ਦਾ ਵੇਰਵਾ: ਪਲਾਟ/ਇਮਾਰਤ ਮਿਣਤੀ 6 ਮਰਲੇ ਭਾਵ 7 ਕਨਾਲ 4 ਮਰਲੇ ਦਾ 1/24ਵਾਂ ਹਿੱਸਾ, ਜਿਸ ਵਿਚ ਸ਼ਾਮਲ ਹੈ ਖੇਵਟ ਨੰ. 127, ਖਤੌਨੀ ਨੰ. 288, ਰੈਕਟ ਨੰ. 9 ਕਿੱਲਾ ਨੰ. 23(7-4), ਜਮਾਂਬੰਦੀ ਸਾਲ 2013-14 ਅਨੁਸਾਰ, ਸਥਿਤ ਹੈ ਪਿੰਡ ਚੂਹੜ ਚੱਕ, ਐਚਬੀ ਨੰ. 469, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਅਤੇ ਸੇਲ ਡੀਡ ਮਿਤੀ 08.07.2009 ਦੇ ਅਨੁਸਾਰ। ਪਲਾਟ/ਇਮਾਰਤ ਮਿਣਤੀ 7 ਮਰਲੇ (ਸਮੇਤ ਕਰਮ 5ਫੁੱਟ) 7 ਕਨਾਲ 4 ਮਰਲੇ ਵਿਚੋਂ, ਜਿਸ ਵਿਚ ਸ਼ਾਮਲ ਹੈ ਖੇਵਟ ਨੰ. 105, ਖਤੌਨੀ ਨੰ. 297, ਰੈਕਟ ਨੰ. 9 ਕਿੱਲਾ ਨੰ. 23(7-4), ਜਿਸ ਦੀ ਹੱਦਬੰਦੀ ਅਨੁਸਾਰ: ਪੂਰਬ: ਖੁਦ ਮਾਲਕ, ਪੱਛਮ: ਕੁਲਵਿੰਦਰ ਕੌਰ ਦਾ ਪਲਾਟ, ਉੱਤਰ: ਖੁਦ ਮਾਲਕ, ਦੱਖਣ: ਰਸਤਾ, ਜਮਾਂਬੰਦੀ ਸਾਲ 2003-04 ਅਨੁਸਾਰ, ਸਥਿਤ ਹੈ ਪਿੰਡ ਚੂਹੜ ਚੱਕ, ਐਚਬੀ ਨੰ. 469, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਅਤੇ ਸੇਲ ਡੀਡ ਮਿਤੀ 08.07.2009 ਦੇ ਸਬ-ਰਜਿਸਟਰਾਰ ਦਫਤਰ ਨੌਸ਼ਹਿਰਾ ਮਾਝਾ ਸਿੰਘ ਅਨੁਸਾਰ ਦਸਤਾਵੇਜ਼ ਨੰ. 398, ਬਹੀ ਨੰ. 1, ਜ਼ਿਲਦ ਨੰ. 169, ਪੇਜ ਨੰ. 3 ਹਰਦੀਸ਼ ਕੌਰ ਪਤਨੀ ਭੁਪਿੰਦਰ ਸਿੰਘ ਪੁੱਤਰ ਗੁਰਦਰਸ਼ਨ ਸਿੰਘ, ਵਾਸੀ ਪਿੰਡ ਚੂਹੜ ਚੱਕ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਨੇ ਜਸਬੀਰ ਕੌਰ ਪਤਨੀ ਅਰਜਨ ਸਿੰਘ ਪੁੱਤਰ ਗੋਪਾਲ ਸਿੰਘ ਵਾਸੀ ਪਿੰਡ ਰਾਏ ਚੱਕ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਤਾਮੀਲ ਕਰਵਾਈ ਗਈ।	24.12.2024	07.05.2025	ਰੁ: 5,07,522.07 (ਪੰਜ ਲੱਖ ਸੱਤ ਹਜ਼ਾਰ ਪੰਜ ਸੌ ਬਾਈ ਰੁ. ਸੱਤ ਪੈਸੇ ਸਿਰਫ਼) ਸਮੇਤ ਭਵਿੱਖੀ ਵਿਆਜ 30-11-2024 ਤੱਕ ਸਮੇਤ ਭਵਿੱਖੀ ਵਿਆਜ, ਲਾਗਤਾਂ, ਇਸ 'ਤੇ ਚਾਰਜਿਜ਼ ਵਸੂਲੀ ਘਟਾ ਕੇ ਜੇ ਕੋਈ ਹੈ
ਬਰਾਂਚ ਦਫ਼ਤਰ : ਬਟਾਲਾ ਕਰਜ਼ਦਾਰ(ਾਂ): 1. ਸ਼੍ਰੀ ਧਿਆਨ ਸਿੰਘ ਪੁੱਤਰ ਸ਼੍ਰੀ ਪਾਲ ਸਿੰਘ, ਵਾਸੀ ਪਿੰਡ ਅਤੇ ਡਾਕਖਾਨਾ ਵਡਾਲਾ ਬਾਂਗਰ, ਬਟਾਲਾ, ਗੁਰਦਾਸਪੁਰ 143505, 2. ਸ਼੍ਰੀਮਤੀ ਪਰਮਜੀਤ ਕੌਰ ਪਤਨੀ ਸ੍ਰੀ ਧਿਆਨ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਵਡਾਲਾ ਬਾਂਗਰ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ 143505, ਗਾਰੰਟਰ(ਾਂ): ਸ਼੍ਰੀ ਸਿਮਰਨਜੀਤ ਸਿੰਘ ਪੁੱਤਰ ਸ੍ਰੀ ਧਿਆਨ ਸਿੰਘ ਵਾਸੀ ਪਿੰਡ ਵਡਾਲਾ ਬਾਂਗਰ, ਬਟਾਲਾ, ਗੁਰਦਾਸਪੁਰ 143505	ਖਸਰਾ ਨੰ. 12/6/2/2, 7/1, 12//12/3,14/1,12//8/2,9/2,13//2/1,14/2/2,15/2/2/2/2, 15/2/2/2/1, ਸਥਿਤ ਹੈ ਪਿੰਡ ਫਿਆਜ਼ਪੁਰਾ, ਮੱਲੀ ਮਾਰਕੀਟ ਕਾਲੋਨੀ, ਬਟਾਲਾ, ਡੇਰਾ ਰੋਡ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਸੇਲ ਡੀਡ ਨੰ. 4266 ਮਿਤੀ 17.03.2023 ਅਨੁਸਾਰ ਸ਼੍ਰੀਮਤੀ ਪਰਮਜੀਤ ਕੌਰ ਦੇ ਨਾਂ 'ਤੇ ਹੱਦਾਂ : ਉੱਤਰ: ਹੋਰ ਦੀ ਜਾਇਦਾਦ, ਦੱਖਣ: ਗਲੀ, ਪੂਰਬ: ਹੋਰ ਦੀ ਜਾਇਦਾਦ, ਪੱਛਮ: ਹੋਰ ਦੀ ਜਾਇਦਾਦ।	03.02.2025	03.05.2025	ਰੁ: 22,37,184/- (ਬਾਈ ਲੱਖ ਸੈਂਤੀ ਹਜ਼ਾਰ ਇਕ ਸੌ ਚੁਰਾਸੀ ਰੁ. ਸਿਰਫ਼) ਸਮੇਤ ਭਵਿੱਖੀ ਵਿਆਜ 31-01-2025 ਤੱਕ ਸਮੇਤ ਭਵਿੱਖੀ ਵਿਆਜ, ਲਾਗਤਾਂ, ਇਸ 'ਤੇ ਚਾਰਜਿਜ਼ ਵਸੂਲੀ ਘਟਾ ਕੇ ਜੇ ਕੋਈ ਹੈ
ਬਰਾਂਚ ਦਫ਼ਤਰ : ਧਾਰੀਵਾਲ ਕਰਜ਼ਦਾਰ(ਾਂ): 1.ਸ਼੍ਰੀ ਰੋਹਿਤ ਕੁਮਾਰ ਉਰਫ਼ ਮੰਗਤ ਰਾਮ ਪੁੱਤਰ ਸ਼੍ਰੀ ਜਗੀਰ ਪਾਲ ਵਾਸੀ ਨੇੜੇ ਨਵਾਂ ਬੱਸ ਸਟੈਂਡ, ਜੀਟੀ ਰੋਡ, ਡਾਕਖਾਨਾ. ਧਾਰੀਵਾਲ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ-143519, 2. ਸ਼੍ਰੀ ਮਹਿੰਦਰ ਪਾਲ ਪੁੱਤਰ ਸ਼੍ਰੀ ਓਮ ਪ੍ਰਕਾਸ਼, ਡਾਕਖਾਨਾ. ਧਾਰੀਵਾਲ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ-143519, ਗਾਰੰਟਰ(ਾਂ): ਸ਼੍ਰੀਮਤੀ ਮੀਤੂ ਪਤਨੀ ਸ਼੍ਰੀ ਰੋਹਿਤ ਕੁਮਾਰ ਉਰਫ਼ ਮੰਗਤ ਰਾਮ, ਵਾਸੀ ਪਿੰਡ ਤੇ ਡਾਕਖਾਨਾ. ਧਾਰੀਵਾਲ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ-143519	ਕਮਰਸ਼ੀਅਲ ਜਾਇਦਾਦ ਮਿਣਤੀ 3 ਮਰਲੇ ਵਿਚੋਂ 60 ਕਨਾਲ 3/1200 ਹਿੱਸਾ, ਜਿਸ ਵਿਚ ਸ਼ਾਮਲ ਹੈ, ਖੇਵਟ ਨੰ. 47, ਖਤੌਨੀ ਨੰ. 62, ਖਸਰਾ ਨੰ. 44(60-0), ਸਥਿਤ ਹੈ ਰੈਵੀਨਿਊ ਅਸਟੇਟ ਪਿੰਡ ਧਾਰੀਵਾਲ, ਐਚਬੀ ਨੰ. 388, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ, ਜਮਾਂਬੰਦੀ ਸਾਲ 1999-2000 ਲਈ ਸੇਲ ਡੀਡ ਮਿਤੀ 07.07.2003 ਅਨੁਸਾਰ ਸਬ ਰਜਿਸਟਰਾਰ ਦਫਤਰ ਧਾਰੀਵਾਲ ਵਿਚ ਦਰਜ ਦਸਤਾਵੇਜ਼ ਨੰ. 457, ਬਾਹੀ ਨੰ. 1, ਜ਼ਿਲਦ ਨੰ. 40, ਪੇਜ ਨੰ. 53-54 ਵਿਚ ਸ਼੍ਰੀ ਰੋਹਿਤ ਕੁਮਾਰ ਉਰਫ਼ ਮੰਗਤ ਰਾਮ ਪੁੱਤਰ ਜਗੀਰ ਪਾਲ ਦੇ ਨਾਮ 'ਤੇ।	29.11.2024	06.05.2025	ਰੁ: 14,41,713.88 (ਚੌਦਾਂ ਲੱਖ ਇਕਤਾਲੀ ਹਜ਼ਾਰ ਸੱਤ ਸੌ ਤੇਰ੍ਹਾਂ ਰੁ. ਅਠਾਸੀ ਪੈਸੇ ਸਿਰਫ਼) ਸਮੇਤ ਭਵਿੱਖੀ ਵਿਆਜ 30-09-2024 ਤੱਕ ਸਮੇਤ ਭਵਿੱਖੀ ਵਿਆਜ, ਲਾਗਤਾਂ, ਇਸ 'ਤੇ ਚਾਰਜਿਜ਼ ਵਸੂਲੀ ਘਟਾ ਕੇ ਜੇ ਕੋਈ ਹੈ

ਮਿਤੀ : 07-05-2025 ਸਥਾਨ : ਗੁਰਦਾਸਪੁਰ ਅਧਿਕਾਰਤ ਅਫ਼ਸਰ

ਪੰਜਾਬ ਸਰਕਾਰ — ਟੈਂਡਰ ਨੋਟਿਸ

ਲੜੀ ਨੰ.	ਵਿਭਾਗ ਦਾ ਨਾਮ	ਕੰਮ/ਨੋਟਿਸ/ਟੈਂਡਰ ਦਾ ਨਾਮ	ਖੋਲ੍ਹਣ ਦੀ ਮਿਤੀ/ ਬੰਦ ਹੋਣ ਦੀ ਮਿਤੀ	ਰਕਮ/ਈਐਮਡੀ (ਅੰਦਾਜ਼ਨ) ਲੱਖਾਂ 'ਚ	ਨੋਡਲ ਅਫ਼ਸਰ/ਸੰਪਰਕ
1.	ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਡਵੀਜ਼ਨ, ਪੀਡਬਲਿਊਡੀ (ਬੀਐਂਡਆਰ) ਬਰਾਂਚ, ਅੰਮ੍ਰਿਤਸਰ	ਸਰਕਾਰੀ ਐਲੀਮੈਂਟਰੀ ਸਕੂਲ ਅਮਰਕੋਟ, ਸਰਕਾਰੀ ਐਲੀਮੈਂਟਰੀ ਸਕੂਲ, ਜੰਡਿਆਲਾ ਗੁਰੂ ਦੀ ਮੁੱਖ ਮੁਰੰਮਤ ਅਤੇ ਸਰਕਾਰੀ ਇਸਟੀਚਿਊਟ ਆਫ਼ ਗਾਰਮੈਂਟ ਟੈਕਨਾਲੋਜੀ ਅੰਮ੍ਰਿਤਸਰ ਵਿੱਚ ਇਮਾਰਤ ਦਾ ਕੰਮ।	06.05.2025 / 19.05.2025	4.06 LACS	9888404112 ee.pd.amritsar.pwd@punjab.gov.in
2.	ਕਾਰਜਕਾਰੀ ਇੰਜੀਨੀਅਰ, ਇਲੈਕਟ੍ਰੀਕਲ ਡਵੀਜ਼ਨ, ਪੀਡਬਲਿਊਡੀ (ਬੀਐਂਡਆਰ) ਬਰਾਂਚ, ਸੰਗਰੂਰ	ਸੰਗਰੂਰ ਵਿਖੇ ਡੀਏਸੀ-ਏ, ਡੀਏਸੀ-ਬੀ ਅਤੇ ਜੁਡੀਸ਼ੀਅਲ ਕੋਰਟ ਕੰਪਲੈਕਸ ਅਤੇ ਮੂਨਕ (ਪੀਬੀ) ਦੇ ਜੁਡੀਸ਼ੀਅਲ ਕੋਰਟ ਕੰਪਲੈਕਸ ਵਿੱਚ ਮੈਟ੍ਰਿਕਸ ਈਪੀਏਬੀਐਕਸ ਦਾ ਏਐਮਸੀ ਲਗਾਇਆ ਗਿਆ (01.06.2025 ਤੋਂ 31.03.2026 ਤੱਕ)	06.05.2025 / 20.05.2025	6.10 THOUSAND	9478450483 eeedsgrpwdpb@gmail.com
3.	ਕਾਰਜਕਾਰੀ ਇੰਜੀਨੀਅਰ, ਉਸਾਰੀ ਡਵੀਜ਼ਨ ਨੰ.1, ਪੀਡਬਲਿਊਡੀ (ਬੀਐਂਡਆਰ) ਬਰਾਂਚ, ਤਰਨਤਾਰਨ ਤੇ ਅੰਮ੍ਰਿਤਸਰ	ਜਵਾਹਰ ਨਵੋਦਿਆ ਵਿਦਿਆਲਿਆ ਗੋਇੰਦਵਾਲ ਸਾਹਿਬ ਵਿਖੇ ਵੇਟਿੰਗ ਹਾਲ ਅਤੇ ਬਾਥਰੂਮ ਦੀ ਉਸਾਰੀ ਅਤੇ ਜੇਸੀਸੀ ਤਰਨਤਾਰਨ ਵਿੱਚ ਨਿਆਂਇਕ ਘਰਾਂ ਦੀ ਵੱਡੀ ਮੁਰੰਮਤ।	07.05.2025 / 21.05.2025	3.06 LACS	9417025026 xenc1amritsar@yahoo.com
4.	ਕਾਰਜਕਾਰੀ ਇੰਜੀਨੀਅਰ, ਉਸਾਰੀ ਡਵੀਜ਼ਨ, ਪੀਡਬਲਿਊਡੀ (ਬੀਐਂਡਆਰ) ਬਰਾਂਚ, ਰੂਪਨਗਰ	ਜ਼ਿਲ੍ਹਾ ਰੂਪਨਗਰ ਵਿਖੇ ਨੰਗਲ ਅਲਗਰਾਂ ਕਲਮਾ ਮੋੜ ਰੋਡ 'ਤੇ ਸੋਨ ਨਦੀ ਪਾਰ ਕਰਦੇ ਅਲਗਰਾਂ ਪੁਲ ਦੀ ਮੁਰੰਮਤ	06.05.2025 / 27.05.2025	34.91 LACS	9876647324 pwdropar@yahoo.co.in
5.	ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ.1, ਤਰਨ ਤਾਰਨ	ਪਿੰਡ ਭੁੱਲਰ ਵਿਖੇ ਰਿਵਰਸ ਰੋਟਰੀ ਰਿਗ ਦੇ ਨਾਲ 200 ਮਿਲੀਮੀਟਰ ਆਈ/ਡੀ ਟੀ/ਵੈੱਲ ਦੀ ਸਥਾਪਨਾ, ਓਐਚਐਸਆਰ 75 ਕੇਐਲ ਸਮਰੱਥਾ, ਪੰਪਿੰਗ ਮਸ਼ੀਨਰੀ, ਪੰਪ ਚੈਂਬਰ ਆਦਿ ਦੀ ਉਸਾਰੀ। ਮੌਜੂਦਾ ਡਬਲਿਊਐਸ ਸਕੀਮ ਬਾਬ ਬਲਾਕ ਅਤੇ ਜ਼ਿਲ੍ਹਾ ਤਰਨਤਾਰਨ ਦਾ ਵਡ। (ਨਾਬਾਰਡ-ਐਕਸਐਕਸਐਕਸ) 86.54 ਲੱਖ ਰੁਪਏ।	07.05.2025 / 15.05.2025	1.73 LACS	9501099773 eewss_tt@yahoo.in
6.	ਕਾਰਜਕਾਰੀ ਇੰਜੀਨੀਅਰ, ਉਸਾਰੀ ਡਵੀਜ਼ਨ ਨੰ.1, ਪੀਡਬਲਿਊਡੀ (ਬੀਐਂਡਆਰ) ਬਰਾਂਚ, ਐਸਏਐਸ ਨਗਰ (ਮੋਹਾਲੀ)	ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਜੁਡੀਸ਼ੀਅਲ ਕੋਰਟ ਕੰਪਲੈਕਸ ਦੀ ਇਮਾਰਤ ਵਿਖੇ ਬੁਨਿਆਦੀ ਢਾਂਚੇ ਦੀਆਂ ਜ਼ਰੂਰਤਾਂ (ਲਿਫਟ ਅਤੇ ਗਰਾਊਂਡ ਫਲੋਰ ਰੈਂਪ) ਪ੍ਰਦਾਨ ਕਰਨਾ। (ਦੂਜੀ ਵਾਰ ਕਾਲ ਕੀਤੀ ਜਾ ਰਹੀ ਹੈ)	07.05.2025 / 14.05.2025	1.34 LACS	9779970088 Pwdc1mohali@gmail.com
7.	ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਡਵੀਜ਼ਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ	ਲਾਡਬੰਜਾਰਾ ਜ਼ਿਲ੍ਹੇ ਦੇ ਮਾਈਨਰ ਨੰਬਰ 12 ਦੀ ਮੁਰੰਮਤ।	25.04.2025 / 16.05.2025	2.56 THOUSAND	9646407185 XENIBLEHAL@GMAIL.COM
8.	ਕਾਰਜਕਾਰੀ ਇੰਜੀਨੀਅਰ, ਮਾਧੋਪੁਰ ਡਵੀਜ਼ਨ ਯੂਬੀਡੀਸੀ, ਗੁਰਦਾਸਪੁਰ	1. ਐਕਸ-ਰੈਗੂਲੇਟਰ ਰੋਡ 115250 ਰਾਮਦਾਸ ਡਿਸਟ੍ਰਿਕਟ 'ਤੇ, 2. ਬੈਂਕ ਆਫ਼ ਕਲਾਨੌਰ ਡਿਸਟ੍ਰਿਕਟ ਦੀ ਮਜ਼ਬੂਤੀ। ਆਰਡੀ 36500 ਤੋਂ 36600 ਆਰ/ਬੀ 37000 ਤੋਂ 39000 ਆਰ/ਬੀ, 3. ਸਲੱਸ਼ ਰਿਮੂਵਲ ਰਿਆੜਕੀ ਜ਼ਿਲ੍ਹਾ ਵੀਆਰ ਬ੍ਰਿਜ ਆਰਡੀ 26103 ਤੋਂ 27366 ਅਤੇ ਬਟਾਲਾ ਜ਼ਿਲ੍ਹਾ ਫਾਲ ਕਮ ਬ੍ਰਿਜ ਆਰਡੀ 28120 ਤੋਂ ਡੀਆਰ ਆਰਡੀ 34425।	28.04.2025 / 09.05.2025	1.48 LACS	7888890105 madhopurdivngsp@gmail.com
9.	ਕਾਰਜਕਾਰੀ ਇੰਜੀਨੀਅਰ, ਉਸਾਰੀ ਡਵੀਜ਼ਨ ਨੰ. 1, ਪੀਡਬਲਿਊਡੀ (ਬੀਐਂਡਆਰ) ਬਰਾਂਚ, ਕਪੂਰਥਲਾ	1) ਚਕੋਕੀ-1, ਚਕੋਕੀ-2 ਅਤੇ ਮਾਡਲ ਟਾਊਨ, (2) ਕਰਨੈਲਗੰਜ, ਜੈਦ ਅਤੇ ਡੱਲਾ, (3) ਬਾਮੂਵਾਲ, ਦਿਆਲਪੁਰ ਅਤੇ ਮੁਰਾੜ (4) ਫਤਿਹਪੁਰ, ਮਕਸੂਦਪੁਰ ਅਤੇ ਦੌਲਤਪੁਰ ਸਾਰੇ ਐਮਸੀ ਭੁਲੱਥ ਜ਼ਿਲ੍ਹਾ ਕਪੂਰਥਲਾ ਵਿੱਚ।	09.05.2025 / 16.05.2025	48.00 THOUSAND	9988668668 eecd1kptpwdpb@gmail.com
10.	ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ.2, ਸ੍ਰੀ ਮੁਕਤਸਰ ਸਾਹਿਬ	ਸ੍ਰੀ ਮੁਕਤਸਰ ਸਾਹਿਬ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਰੇਲਵੇ ਖੇਤਰ ਅਤੇ ਮੁੱਖ ਸ਼ਹਿਰ ਖੇਤਰ ਦੇ ਪਾਰ ਵੱਖ-ਵੱਖ ਗਲੀਆਂ ਵਿੱਚ 450ਐਮਐਮ ਅਤੇ 560ਐਮਐਮ ਆਰਸੀਸੀ ਮੈਨਹੋਲ ਕਵਰ ਅਤੇ ਫਰੇਮ ਦੀ ਸਪਲਾਈ ਅਤੇ ਫਿਕਸਿੰਗ।	09.05.2025 / 22.05.2025	0.20 LACS	9417750074 xengwmks@gmail.com
11.	ਕਾਰਜਕਾਰੀ ਇੰਜੀਨੀਅਰ, ਉਸਾਰੀ ਡਵੀਜ਼ਨ ਨੰ. 2, ਪੀਡਬਲਿਊਡੀ (ਬੀਐਂਡਆਰ) ਬਰਾਂਚ, ਕਪੂਰਥਲਾ	ਭਰਤੀ ਨੰਬਰ 1 ਸੇਡਾਨ ਵਾਹਨ (ਮਾਰੂਤੀ ਸਿਆਜ਼ / ਮਾਰੂਤੀ ਡਿਜ਼ਾਇਰ ਹੁੰਡਈ ਔਰਾ/ ਹੌਂਡਾ ਅਮੇਜ਼) ਦੀ ਕਿਰਾਏ 'ਤੇ ਲੈਣਾ।	07.05.2025 / 14.05.2025	10.80 THOUSAND	9781404284 eecd2kptpwdpb@gmail.com
12.	ਕਾਰਜਕਾਰੀ ਇੰਜੀਨੀਅਰ, ਸ੍ਰੀ ਮੁਕਤਸਰ ਸਾਹਿਬ, ਨਹਿਰ ਅਤੇ ਭੂਮੀਗਤ ਜਲ ਸਰੋਤ ਵਿਭਾਗ, ਗਿੱਦੜਵਾਹਾ ਵਿਖੇ	ਮਨਰੇਗਾ ਦੇ ਕਨਵਰਜੈਂਸ ਅਧੀਨ ਆਰਡੀ ਦੇ ਵੱਖ-ਵੱਖ ਆਊਟਲੈੱਟਸ 'ਤੇ ਪਾਣੀ ਦਾ ਰਸਤੇ ਦਾ ਪੁਨਰ ਨਿਰਮਾਣ।	06.05.2025 / 12.05.2025	32.38 THOUSAND	9417582955 xencanalmktgdb@gmail.com
13.	ਕਾਰਜਕਾਰੀ ਇੰਜੀਨੀਅਰ, ਇਲੈਕਟ੍ਰੀਕਲ ਡਵੀਜ਼ਨ, ਪੀਡਬਲਿਊਡੀ (ਬੀਐਂਡਆਰ) ਬਰਾਂਚ, ਪੰਜਾਬ, ਚੰਡੀਗੜ੍ਹ	ਜੇ.ਸੀ.ਸੀ. ਮੋਹਾਲੀ ਵਿਖੇ ਈਆਈ (ਐਚਟੀ, ਐਲਟੀ, ਡੀਜੀ ਸੈੱਟ, ਕੈਂਪਸ ਲਾਈਟਿੰਗ ਅਤੇ ਯੂਪੀਐਸ ਸਿਸਟਮ, ਅੱਗ-ਖੋਜ, ਸੀਸੀਟੀਵੀ, ਪੀਏ ਸਿਸਟਮ, ਟੈਲੀ/ਨੈੱਟ ਅਤੇ ਲਿਫਟਸ) ਦਾ ਰੱਖ-ਰਖਾਅ ਅਤੇ ਮੁਰੰਮਤ (ਜੇ.ਸੀ.ਸੀ., ਸੈਕਟਰ-76, ਐਸ.ਏ.ਐਸ. ਨਗਰ, ਮੋਹਾਲੀ ਵਿਖੇ ਏਅਰ ਸਰਕਟ ਬਰੇਕਰ ਆਦਿ ਦਾ ਪ੍ਰਤੀਨਿਧੀ)। ਰਕਮ 5,76,655/- ਰੁਪਏ	05.05.2025 / 16.05.2025	11.53 THOUSAND	9592933757 eeedchdpwdpb@gmail.com
14.	ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ. 2, ਬਠਿੰਡਾ	ਜਲ ਸਪਲਾਈ ਸਕੀਮ ਤਲਵੰਡੀ ਸਾਬੋ ਡਬਲਿਊਟੀਪੀ-1 ਅਤੇ ਡਬਲਿਊਟੀਪੀ-2 ਵਿੱਚ ਸੁਧਾਰ ਅਤੇ ਦਸਮੇਸ਼ ਨਗਰ ਬਠਿੰਡਾ ਰੋਡ ਬਲਾਕ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿੱਚ ਪਾਈਪ ਲਾਈਨ ਵਿਛਾਉਣਾ।	07.05.2025 / 13.05.2025	1.73 LACS	9803000038 xenwss2bti@yahoo.in
15.	ਜ਼ਿਲ੍ਹਾ ਸਪੋਰਟਸ ਅਫਸਰ, ਲੁਧਿਆਣਾ	ਐਮਪੀਲੈਂਡਜ਼ ਸਕੀਮ ਅਧੀਨ ਲੁਧਿਆਣਾ ਦੇ ਵੱਖ-ਵੱਖ ਪਾਰਕਾਂ/ਪਿੰਡਾਂ ਵਿੱਚ ਓਪਨ ਗਾਰਡਨ ਜਿਮ/ਇਨਡੋਰ ਫਿਕਸਡ ਮਲਟੀ ਸਟੇਸ਼ਨ ਜਿਮ ਦੀ ਸਥਾਪਨਾ।	06.05.2025 / 19.05.2025	98.00 THOUSAND	6280463208 dsoludhiana01@gmail.com
16.	ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀਡਬਲਿਊ (ਸੀਐਂਡਐਮ) ਡਵੀਜ਼ਨ, ਸੰਗਰੂਰ	ਏਡੀਸੀ (ਡੀ) ਸੰਗਰੂਰ ਦੇ ਦਫ਼ਤਰ ਅਧੀਨ ਯੂਪੀਐਸ ਅਤੇ 5 ਨੰ. ਕੰਪਿਊਟਰਜ਼, ਪ੍ਰਿੰਟਰਜ਼ ਦੀ ਇਸਟਾਲੇਸ਼ਨ ਅਤੇ ਸਪਲਾਈ	06.05.2025 / 27.05.2025	0.10 LACS	9780020165 xenprsangrur@yahoo.in
17.	ਕਾਰਜਕਾਰੀ ਇੰਜੀਨੀਅਰ, ਇਲੈਕਟ੍ਰੀਕਲ ਡਵੀਜ਼ਨ, ਪੀਡਬਲਿਊਡੀ (ਬੀਐਂਡਆਰ) ਬਰਾਂਚ, ਲੁਧਿਆਣਾ	1. ਮੋਗਾ ਵਿਖੇ ਡੀਏਸੀ ਵਿਚ 11 ਕੇਵੀ ਸਬ ਸਟੇਸ਼ਨ ਦੀ ਸਪਲਾਈ/ਮੁਰੰਮਤ, 2. ਆਯੂਸ਼ ਹਸਪਤਾਲ ਜ਼ਿਲ੍ਹਾ ਮੋਗਾ 50 ਬਿਸਤਰਿਆਂ ਦੇ ਕ੍ਰਿਟੀਕਲ ਕੇਅਰ ਬਲਾਕ ਦੀ ਉਸਾਰੀ	08.05.2025 / 22.05.2025	6.10 LACS	8556993500 eeedldhpwdpb@gmail.com
18.	ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀਡਬਲਿਊ (ਸੀਐਂਡਐਮ) ਡਵੀਜ਼ਨ, ਪਟਿਆਲਾ	ਜ਼ਿਲ੍ਹਾ ਪਟਿਆਲਾ ਦੇ ਵੱਖ ਵੱਖ ਪਿੰਡਾਂ ਵਿਚ ਵਿਕਾਸ ਦੇ ਕੰਮ ਅਤੇ ਟੋਭੇ ਦਾ ਨਵੀਨੀਕਰਨ/ਸੁੰਦਰੀਕਰਨ (ਮਗਨਰੇਗਾ ਨਾਲ ਰਲੇਵਾਂ)	07.05.2025 / 21.05.2025	6.73 LACS	9814331751 xenprdpatiala@yahoo.in
19.	ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ. 2, ਪਟਿਆਲਾ	ਜੁਡੀਸ਼ੀਅਲ ਕੋਰਟ ਕੰਪਲੈਕਸ, ਸਮਾਣਾ,ਜ਼ਿਲ੍ਹਾ ਪਟਿਆਲਾ ਵਿਚ ਸਪਲਿਟ ਕਿਸਮ ਦੇ ਏਅਰਕੰਡੀਸ਼ਨਰਜ਼ ਦੀ ਇੰਸਟਾਲੇਸ਼ਨ ਅਤੇ ਮੁਹੱਈਆ ਕਰਾਉਣਾ	08.05.2025 / 15.05.2025	40.82 THOUSAND	9888775107 xenrws_pta@yahoo.co.in
20.	ਮੰਡਲ ਭੂਮੀ ਸੰਭਾਲ ਅਫਸਰ, ਲੁਧਿਆਣਾ	ਲੁਧਿਆਣਾ ਜ਼ਿਲ੍ਹੇ ਵਿਚ 34545/ਆਰ ਦੀ ਪੂਰੀ ਆਰ.ਡਬਲਿਊਐਚ ਮਜਬੂਤੀ ਅਤੇ 22793/ਐਲ, 46218/ਆਰ, ਕੂਹਲੀ ਖੁਰਦ ਵਿਖੇ ਹੌਦੀਆਂ ਦੀ ਉਸਾਰੀ, ਏਸੀਪੀ ਜੀ.ਵੀ. ਏਏਵੀ ਦੀ ਫਿਕਸਿੰਗ, 300, 400, 250 ਅਤੇ 450 ਐਮਐਮ ਦੀਆਂ ਆਰਸੀਸੀ ਪਾਈਪਾਂ ਵਿਛਾਉਣਾ	15.05.2025 / 15.05.2025	67.81 THOUSAND	8194933611 dsco.dswc.ludhiana@punjab.gov.in
21.	ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਡਵੀਜ਼ਨ ਨੰਬਰ 1, ਪੀਡਬਲਿਊਡੀ (ਬੀਐਂਡਆਰ) ਬਰਾਂਚ, ਪਟਿਆਲਾ	ਪਟਿਆਲਾ ਵਿਖੇ ਈ-ਬੱਸ ਚਾਰਜਿੰਗ ਸਟੇਸ਼ਨ ਦੀ ਉਸਾਰੀ	07.05.2025 / 12.06.2025	12.12 LACS	9888821419 eepd1ptapwdpb@gmail.com
22.	ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ. 2, ਫਿਰੋਜ਼ਪੁਰ	(ਪੈਕੇਜ 11) ਜਲ ਸਪਲਾਈ ਸਕੀਮ ਧਨੀ ਸ਼ਹੀਦ ਊਧਮ ਸਿੰਘ ਵਾਲਾ, ਚੱਕ ਰਖਮੀਰ ਅਤੇ ਸ਼ੇਰ ਮੁਹੰਮਦ ਬਲਾਕ ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ (ਸਟੇਟ ਹਿੱਸਾ/ਜੇਜੇਐਮ ਅਧੀਨ)	09.05.2025 / 23.05.2025	2.27 LACS	9888784300 eewss.div2ferozepurpb@yahoo.com
23.	ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ. 3, ਐਸਏਐਸ ਨਗਰ (ਮੋਹਾਲੀ)	ਤੜੌਲੀ ਓਐਚਐਸਆਰ	09.05.2025 / 15.05.2025	34.48 THOUSAND	8427754491 eerwsmohali@yahoo.co.in
24.	ਚੀਫ ਸੋਲ ਕੰਨਵਰਸੇਸ਼ਨ ਅਫਸਰ, ਲੁਧਿਆਣਾ	ਸੋਲਰ ਪੰਪਸੈਟਸ ਦੀ ਇੰਸਟਾਲੇਸ਼ਨ ਅਤੇ ਸਪਲਾਈ ਲਈ ਫਰਮਾਂ ਦੀ ਨਿਯੁਕਤੀ	30.04.2025 / 21.05.2025	4.00 LACS	9876837604 dswc.punjab@punjab.gov.in
25.	ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਡਵੀਜ਼ਨ, ਪੀਡਬਲਿਊਡੀ (ਬੀਐਂਡਆਰ) ਬਰਾਂਚ, ਬਰਨਾਲਾ	ਜੁਡੀਸ਼ੀਅਲ ਕੋਰਟ ਕੰਪਲੈਕਸ, ਬਰਨਾਲਾ ਵਿਖੇ ਸਰਵਿਸ ਬਲਾਕ ਵਿਖੇ ਲਿਫ਼ਟ ਦੀ ਉਸਾਰੀ	08.05.2025 / 23.05.2025	40.50 THOUSAND	9876340111 xenpwdbarnala@yahoo.com
26.	ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ. 2, ਹੁਸ਼ਿਆਰਪੁਰ	ਜਵਾਹਰ ਨਵੋਦਿਆ ਵਿਦਿਆਲਿਆ ਪਿੰਡ ਪਲਾਹੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਟਾਫ਼ ਕੁਆਰਟਰਜ਼ ਅਤੇ ਲੜਕਿਆਂ ਦੇ ਹੋਸਟਲ ਵਿਚ ਡਰੇਨਜ਼ ਸਿਸਟਮ। ਪ੍ਰਿੰਸੀਪਲ ਜੇਐਨਵੀ ਤੋਂ ਸਪੈਸ਼ਲ ਗਰਾਂਟ (ਜਮ੍ਹਾਂ ਕੰਮ ਲਈ ਰੁ. 9,53,697/-)	08.05.2025 / 23.05.2025	19.07 THOUSAND	8146589222 eewss.div2hoshiarpurpb@yahoo.com
27.	ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ.2, ਅੰਮ੍ਰਿਤਸਰ	ਜਲ ਸਪਲਾਈ ਸਕੀਮ ਖਾਸੀ (ਐਮਐਚ) ਅਤੇ ਜਲ ਸਪਲਾਈ ਸਕੀਮ ਜਲਾਲਪੁਰ ਸੇਰੋਂ, ਬਲਾਕ ਰਈਆ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਓਐਚਐਸਆਰ ਅਤੇ ਸਿਵਲ ਕੰਮ, ਨਵੇਂ ਟਿਊਬਵੈਲ ਦੀ ਇਸਟਾਲੇਸ਼ਨ (ਨਾਬਾਰਡ XXX ਅਧੀਨ)	09.05.2025 / 26.05.2025	1.27 LACS	9779584478 ee_rws_2_asr@yahoo.co.in
28.	ਡਵੀਜਨਲ ਭੋਇੰ ਸੰਭਾਲ ਅਫ਼ਸਰ, ਗੁਰਦਾਸਪੁਰ	ਜ਼ਿਲ੍ਹਾ ਗੁਰਦਾਸਪੁਰ ਵਿਚ ਆਰਸੀਸੀ ਭੂਮੀਦੋਜ਼ ਪਾਈਪਲਾਈਨ ਵਿਛਾਉਣ ਲਈ ਖਾਈਆਂ ਦੀ ਖੁਦਾਈ ਲਈ ਜ਼ਮੀਨੀ ਕੰਮ	03.05.2025 / 08.05.2025	15.00 THOUSAND	9501866722 dsco.dswc.gurdaspur@punjab.gov.in
29.	ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ.3, ਗੁਰਦਾਸਪੁਰ	ਹੈਡ ਵਾਟਰ ਵਰਕਸ ਤੋਂ ਗੁਰਦੁਆਰਾ ਚੌਕ ਅਰਬਨ ਅਸਟੇਟ ਫੇਜ਼-1, ਬਠਿੰਡਾ ਨੂੰ 300 ਐਮਐਮ ਆਈਡੀ ਪਾਈਪ ਲਾਈਨ ਵਿਛਾਉਣਾ ਅਤੇ ਮੁਹੱਈਆ ਕਰਾਉਣਾ (ਜਮ੍ਹਾਂ ਕੰਮ ਅਧੀਨ)	07.05.2025 / 15.05.2025	0.45 LACS	9888249650 xengwbti@yahoo.com

ਹੋਰ ਅਗਾਊਂ ਜਾਣਕਾਰੀ ਅਤੇ ਸੋਧ ਅਤੇ ਵਾਧਾ ਜੇਕਰ ਕੋਈ ਹੋਇਆ ਲਈ ਕ੍ਰਿਪਾ ਇਨ੍ਹਾਂ 'ਤੇ ਕਰਕੇ ਜਾਓ : dswcpunjab.gov.in, pwdpunjab.gov.in,www.eproc.punjab.gov.in,

RO Code : 26/12/1255/2023/44202